

Punjabi

## ਲੈਸਟਰ ਦੇ ਵਿਲੋ ਬਰੁੱਕ ਬਾਰੇ ਜਾਣੋ ਅਤੇ ਇਸ ਬਾਰੇ ਜਾਣੋ ਕਿ ਅਸੀਂ ਸਾਰੇ ਇਸਦੀ ਦੇਖਭਾਲ ਕਰਨ ਵਿੱਚ ਕਿਵੇਂ ਮਦਦ ਕਰ ਸਕਦੇ ਹਾਂ

# ਵਿਲੋ ਬਰੁੱਕ ਨੂੰ ਕੂੜਾ ਮੁਕਤ ਰੱਖੀਏ

Canal & River Trust

Environment Agency

Leicester City Council

# ਕੀ ਤੁਸੀਂ ਵਿਲੋ ਬਰੁੱਕ ਬਾਰੇ ਜਾਣਦੇ ਹੋ?






- ਵਿਲੋ ਬਰੁੱਕ ਸ਼ਹਿਰ ਦੇ ਉੱਤਰ ਪੂਰਬੀ ਹਿੱਸੇ ਵਿੱਚ ਹੈ ਅਤੇ ਸਪਿੰਨੀ ਹਿੱਲਜ਼ ਤੋਂ ਬੇਲਗ੍ਰੇਵ ਤੱਕ ਚੱਲਦਾ ਹੈ। ਇਹ ਇੱਕ ਮੀਲ ਤੋਂ ਵੱਧ ਲੰਬਾ ਹੈ ਅਤੇ ਐਬੇ ਪਾਰਕ ਵਿਖੇ ਗ੍ਰੈਂਡ ਯੂਨੀਅਨ ਨਹਿਰ ਨਾਲ ਜੁੜ ਜਾਂਦਾ ਹੈ।

- ਲੀਸੇਸਟਰ ਦੀਆਂ ਬਹੁਤ ਸਾਰੀਆਂ ਗਲੀਆਂ ਵਿਲੋ ਬਰੁੱਕ ਦੇ ਨਾਲ-ਨਾਲ ਚਲਦੀਆਂ ਹਨ। ਬਰੁੱਕ ਘਰਾਂ ਅਤੇ ਕਾਰੋਬਾਰਾਂ ਦੇ ਨੇੜੇ ਚਲਦਾ ਹੈ। ਇਹ ਤੁਹਾਡੇ ਪਿਛਲੇ ਵਿਹੜੇ ਜਾਂ ਬਗੀਚੇ ਦੇ ਅੰਤ ਵਿੱਚ ਜਾਂ ਤੁਹਾਡੇ ਕਾਰੋਬਾਰੀ ਸਥਾਨ ਦੇ ਨੇੜੇ ਹੋ ਸਕਦਾ ਹੈ।

- ਵਿਲੋ ਬਰੁੱਕ ਦਾ ਬਹੁਤਾ ਹਿੱਸਾ ਇੱਕ ਕੰਕਰੀਟ ਦਾ ਬਣਿਆ ਹੋਇਆ ਚੈਨਲ ਹੈ, ਪਰ ਸ਼ਹਿਰ ਵਿੱਚ ਕੋਈ ਵੀ ਖੁੱਲ੍ਹਾ ਪਾਣੀ ਗਟਰ ਜਾਂ ਨਾਲੀ ਨਹੀਂ ਹੈ।



# ਕੂੜਾ ਇੱਕ ਸਮੱਸਿਆ ਕਿਉਂ ਹੈ?

ਬਰੁੱਕ ਵਿੱਚ ਅਕਸਰ ਕੂੜਾ ਹੁੰਦਾ ਹੈ। ਕੂੜਾ ਸਾਡੇ ਵਾਤਾਵਰਨ ਨੂੰ ਸਾਫ਼, ਸੁਰੱਖਿਅਤ ਅਤੇ ਸਿਹਤਮੰਦ ਹੋਣ ਤੋਂ ਰੋਕਦਾ ਹੈ। ਬਰੁੱਕ ਵਿੱਚ ਵੱਡੀ ਮਾਤਰਾ ਵਿੱਚ ਕੂੜਾ ਰੁਕਾਵਟਾਂ ਪੈਦਾ ਕਰ ਸਕਦਾ ਹੈ ਅਤੇ ਘਰਾਂ ਅਤੇ ਕਾਰੋਬਾਰਾਂ ਲਈ ਹੜ੍ਹ ਦੇ ਜੋਖਮ ਨੂੰ ਵਧਾ ਸਕਦਾ ਹੈ। ਵਿਲੋ ਬਰੁੱਕ ਪਾਣੀ ਦੇ ਹੋਰ ਪ੍ਰਵਾਹਾਂ ਵਿੱਚ ਜਾ ਮਿਲਦਾ ਹੈ, ਇਸ ਲਈ ਇਸ ਵਿੱਚ ਰਹਿੰਦ-ਖੂੰਹਦ ਸਾਡੀਆਂ ਨਹਿਰਾਂ, ਨਦੀਆਂ ਅਤੇ ਅੰਤ ਵਿੱਚ ਸਾਡੇ ਸਮੁੰਦਰਾਂ ਨੂੰ ਪ੍ਰਦੂਸ਼ਿਤ ਕਰ ਸਕਦੀ ਹੈ।

- ਵਿਲੋ ਬਰੁੱਕ ਵਿੱਚ ਪਾਏ ਜਾਣ ਵਾਲੇ ਕੂੜੇ ਦੀਆਂ ਮੁੱਖ ਕਿਸਮਾਂ ਪਲਾਸਟਿਕ, ਧਾਤ, ਪੋਲੀਸਟਾਈਰੀਨ, ਕੱਪੜੇ, ਟਾਇਰ, ਲੱਕੜ ਦੇ ਫਰਨੀਚਰ ਹਨ।



- ਬਰੁੱਕ ਵਿੱਚ ਕੂੜਾ ਘਰਾਂ ਅਤੇ ਕਾਰੋਬਾਰਾਂ ਤੋਂ ਨਿੱਕਲ ਕੇ ਆਉਂਦਾ ਹੈ।

- ਫਲਾਈ-ਟਿਪਿੰਗ ਰਾਹੀਂ ਵੀ ਵਿਲੋ ਬਰੁੱਕ ਵਿੱਚ ਕੂੜੇ ਦਾ ਯੋਗਦਾਨ ਹੁੰਦਾ ਹੈ। ਫਲਾਈ-ਟਿਪਿੰਗ ਜਨਤਕ ਜਾਂ ਨਿੱਜੀ ਜ਼ਮੀਨ 'ਤੇ ਕੂੜਾ ਸੁੱਟਣ ਨੂੰ ਕਿਹਾ ਜਾਂਦਾ ਹੈ। ਇਹ ਇੱਕ ਜੁਰਮ ਹੈ, ਅਤੇ ਤੁਹਾਨੂੰ ਜੁਰਮਾਨਾ ਹੋ ਸਕਦਾ ਹੈ।



- ਕੂੜਾ ਕਚਰਾ ਜੰਗਲੀ ਜੀਵਾਂ ਜਿਵੇਂ ਕਿ ਪੰਛੀਆਂ ਅਤੇ ਛੋਟੇ ਥਣਧਾਰੀ ਜੀਵਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਕੁਦਰਤੀ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦਾ ਹੈ ਅਤੇ ਕੁਦਰਤੀ ਨਿਵਾਸ ਸਥਾਨਾਂ ਨੂੰ ਗੜਬੜਾ ਦਿੰਦਾ ਹੈ।



**ਸਾਡੇ ਬਰੁੱਕਾਂ ਨੂੰ ਕੂੜੇ ਅਤੇ ਕਚਰੇ ਤੋਂ ਬਚਾਉਣਾ ਸਾਰੇ ਨਿਵਾਸੀਆਂ ਅਤੇ ਕਾਰੋਬਾਰਾਂ ਦੀ ਜ਼ਿੰਮੇਵਾਰੀ ਹੈ।**

- ਆਪਣਾ ਕੂੜਾ ਘਰ ਲੈ ਕੇ ਜਾਓ ☑
- ਰੀਸਾਈਕਲਿੰਗ ਕੇਂਦਰਾਂ ਦੀ ਵਰਤੋਂ ਕਰੋ ☑
- ਪਾਣੀ ਵਿੱਚ ਕੂੜੇ, ਫਲਾਈ-ਟਿਪਿੰਗ ਜਾਂ ਪ੍ਰਦੂਸ਼ਣ ਦੀ ਰਿਪੋਰਟ ਕਰੋ ☑

**ਫਲਾਈਟਿਪਿੰਗ ਅਤੇ ਪ੍ਰਦੂਸ਼ਣ ਕਰਨ ਵਾਲਿਆਂ ਨੂੰ ਫੜਨ ਅਤੇ ਉਹਨਾਂ ਨੂੰ ਜੁਰਮਾਨਾ ਲਗਾਉਣ ਵਿੱਚ ਮਦਦ ਕਰਨ ਲਈ ਵਿਲੋ ਬਰੁੱਕ ਦੇ ਨਾਲ-ਨਾਲ ਨਿਗਰਾਨੀ ਕਰਨ ਦੀ ਨਵੀਂ ਵਿਵਸਥਾ ਕੀਤੀ ਜਾ ਰਹੀ ਹੈ।**

## ਮਦਦ ਕਰੋ

- ✓ ਇੱਕ ਸੁਰੱਖਿਅਤ, ਸਾਫ਼ ਅਤੇ ਸਿਹਤਮੰਦ ਵਾਤਾਵਰਣ ਬਣਾਈ ਰੱਖਣ ਵਿੱਚ
- ✓ ਹੜ੍ਹਾਂ ਦੀ ਘਟੌਤੀ ਵਿੱਚ
- ✓ ਹੰਸ, ਬੱਤਖ, ਬਗਲੇ, ਪਾਣੀ ਦੇ ਵੋਲ ਵਰਗੀਆਂ ਪ੍ਰਜਾਤੀਆਂ ਦੀ ਰੱਖਿਆ ਕਰਨ ਵਿੱਚ

## ਰੋਕੋ

- x ਫਲਾਈ ਟਿਪਿੰਗ ਕਰਨਾ
- x ਕੂੜਾ-ਕਚਰਾ ਫੈਲਾਣਾ (ਘਰੇਲੂ ਅਤੇ ਉਦਯੋਗਿਕ ਕੂੜਾ)
- x ਪ੍ਰਦੂਸ਼ਣ ਕਰਨਾ
- x ਬਰੁੱਕ ਵਿੱਚ ਰੁਕਾਵਟਾਂ ਕਰਨਾ

## ਫਲਾਈ-ਟਿਪਿੰਗ ਅਤੇ ਕੂੜਾ ਸੁੱਟੇ ਜਾਣ ਦੀ ਰਿਪੋਰਟ ਕਰੋ

**my.leicester.gov.uk**

**0116 454 1001**

**city.warden@leicester.gov.uk**

**@citywardens**

love clean streets

ਤੁਸੀਂ ਕੂੜੇ, ਫਲਾਈ ਟਿਪਸ ਜਾਂ ਗ੍ਰੈਫਿਟੀ ਦੀਆਂ ਫੋਟੋਆਂ ਲੈ ਸਕਦੇ ਹੋ ਅਤੇ ਲਵ ਕਲੀਨ ਸਟ੍ਰੀਟਸ ਐਪ 'ਤੇ ਜਾ ਕੇ ਉਨ੍ਹਾ ਨੂੰ ਰਿਪੋਰਟ ਕਰ ਸਕਦੇ ਹੋ, ਹੇਠ ਦਿੱਤੇ ਲਿੰਕ 'ਤੇ ਜਾਓ:

love.leicester.gov.uk

### ਕਿਸੇ ਵੀ ਜਲਧਾਰਾ ਵਿੱਚ ਹੋਈ ਫਲਾਈ-ਟਿਪਿੰਗ ਦੀ ਰਿਪੋਰਟ ਕਰੋ

ਹੜ੍ਹ ਅਤੇ ਜਲ ਨਿਕਾਸੀ ਟੀਮ:

flooding@leicester.gov.uk

0116 454 1001

### ਕਿਸੇ ਵੀ ਜਲਧਾਰਾ ਵਿੱਚ ਦੇ ਪ੍ਰਦੂਸ਼ਣ ਦੀ ਰਿਪੋਰਟ ਕਰੋ

gov.uk/report-an-environmental-incident

0800 80 70 60 (24 घंटे की सेवा)

## ਆਪਣੇ ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਕਰੋ

### ਘਰੇਲੂ ਰਹਿੰਦ-ਖੂੰਹਦ ਅਤੇ ਰੀਸਾਈਕਲਿੰਗ ਕਲੈਕਸ਼ਨ ਸੇਵਾ ਦੀ ਵਰਤੋਂ ਕਰੋ

leicester.gov.uk/waste

**ਭਾਰੀ-ਭਰਕਮ ਵਸਤੂਆਂ ਦੀ ਮੁਫਤ ਕਲੈਕਸ਼ਨ ਬੁੱਕ ਕਰੋ**

my.leicester.gov.uk

**ਰੀਸਾਈਕਲਿੰਗ ਸੰਬੰਧੀ ਜਾਣਕਾਰੀ**

leicester.gov.uk/recycling

@orangebagleics

**ਕਾਰੋਬਾਰੀ ਰਹਿੰਦ-ਖੂੰਹਦ ਦੀ ਸੇਵਾ**

leicester.gov.uk/tradewaste

## ਇੱਕ ਛੋਟਾ ਜਿਹਾ ਕੰਮ ਕਰੋ

**ਹਰ ਵਾਰ ਜਦੋਂ ਅਸੀਂ ਕਿਸੇ ਨਦੀ ਜਾਂ ਨਹਿਰ ਨੂੰ ਜਾਂਦੇ ਹਾਂ ਤਾਂ ਜੇਕਰ ਅਸੀਂ ਪਲਾਸਟਿਕ ਦਾ ਸਿਰਫ਼ ਇੱਕ ਟੁਕੜਾ ਵੀ ਚੁੱਕ ਲਾਈਏ, ਤਾਂ ਇੱਕ ਸਾਲ ਦੇ ਅੰਦਰ ਕੋਈ ਪਲਾਸਟਿਕ ਨਹੀਂ ਰਹਿ ਜਾਵੇਗਾ।**

**ਕੈਨਾਲ ਐਂਡ ਰਿਵਰ ਟਰੱਸਟ ਦੇ #PlasticChallenge ਵਿੱਚ ਸ਼ਾਮਲ ਹੋਵੋ**

Produced by Leicester City Council Flood Risk Team July 2022